ਨਿਤਿਨ ਨਬੀਨ ਦੀ ਉਡੀਕ ਹੋਰ ਲੰਬੀ ਹੋਈ

ਆਫ ਦਿ ਰਿਕਾਰਡ

ਨਿਤਿਨ ਨਬੀਨ ਨੇ ਇਸ ਸਾਲ 20 ਜਨਵਰੀ ਨੂੰ ਭਾਜਪਾ ਪ੍ਰਧਾਨ ਦਾ ਅਹੁਦਾ ਸੰਭਾਲਿਆ ਤੇ ਵਿਧਾਨ ਸਭਾ ਚੋਣਾਂ ਦੌਰਾਨ ਸਰਗਰਮੀ ਨਾਲ ਪ੍ਰਚਾਰ ਕਰਦੇ ਹੋਏ ਇਕ ਦਰਜਨ ਤੋਂ ਵੱਧ ਸੂਬਿਆਂ ਦਾ ਤੂਫਾਨੀ ਦੌਰਾ ਸ਼ੁਰੂ ਕੀਤਾ।

ਅਹੁਦਾ ਸੰਭਾਲਣ ਤੋਂ 5 ਮਹੀਨੇ ਬਾਅਦ ਵੀ ਉਨ੍ਹਾਂ ਨੂੰ ਆਪਣੀ ਟੀਮ ਬਣਾਉਣ ਲਈ ਲੰਬੀ ਉਡੀਕ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਇਹ ਸਪੱਸ਼ਟ ਹੈ ਕਿ ਉਹ ਅਗਲੀਆਂ ਲੋਕ ਸਭਾ ਚੋਣਾਂ ਤੱਕ ਅਹੁਦੇ 'ਤੇ ਰਹਿਣਗੇ, ਕਿਉਂਕਿ ਉਨ੍ਹਾਂ ਦਾ ਤਿੰਨ ਸਾਲਾਂ ਦਾ ਕਾਰਜਕਾਲ ਜਨਵਰੀ 2029 'ਚ ਖਤਮ ਹੋਣਾ ਹੈ। ਇਹ ਯਕੀਨੀ ਹੈ ਕਿ ਉਹ ਆਪਣੇ ਪੂਰਵਜਾਂ ਵਾਂਗ ਚੋਣਾਂ ਤੋਂ ਬਾਅਦ ਵੀ ਅਹੁਦੇ 'ਤੇ ਰਹਿਣਗੇ।

ਟੀਮ ਬਣਾਉਣ 'ਚ ਦੇਰੀ ਦਾ ਇਕ ਵੱਡਾ ਕਾਰਨ ਇਹ ਹੈ ਕਿ ਨਵੀਂ ਟੀਮ ਨੂੰ ਨਿਰੰਤਰਤਾ ਤੇ ਪੀੜ੍ਹੀ-ਦਰ-ਪੀੜ੍ਹੀ ਤਬਦੀਲੀ ਨੂੰ ਸੰਤੁਲਿਤ ਕਰਨਾ ਹੋਵੇਗਾ। ਪਾਰਟੀ ਢਾਂਚੇ ਅੰਦਰ ਨੌਜਵਾਨ ਚਿਹਰਿਆਂ ਨੂੰ ਉਤਸ਼ਾਹਿਤ ਕਰਨ ਲਈ ਲੀਡਰਸ਼ਿਪ ਸੰਗਠਨ ਦੇ ਅਹੁਦੇਦਾਰਾਂ ਲਈ 60 ਸਾਲ ਦੀ ਗੈਰ-ਰਸਮੀ ਉਮਰ ਦੀ ਉਪਰਲੀ ਹੱਦ ਲਾਗੂ ਕਰਨ 'ਤੇ ਵਿਚਾਰ ਕਰ ਰਹੀ ਹੈ।

ਜਿਨ੍ਹਾਂ ਦੇ ਪ੍ਰਭਾਵਸ਼ਾਲੀ ਅਹੁਦਿਆਂ 'ਤੇ ਬਣੇ ਰਹਿਣ ਦੀ ਸੰਭਾਵਨਾ ਹੈ, ਉਨ੍ਹਾਂ 'ਚ ਸੁਨੀਲ ਬਾਂਸਲ ਤੇ ਵਿਨੋਦ ਤਾਵੜੇ ਸ਼ਾਮਲ ਹਨ। ਦੋਵੇਂ ਇਸ ਸਮੇਂ ਜਨਰਲ ਸਕੱਤਰ ਹਨ। ਬੀ. ਐੱਲ. ਸੰਤੋਸ਼ ਦੇ ਕੁਝ ਸਮੇਂ ਲਈ ਸੰਗਠਨਾਤਮਕ ਜਨਰਲ ਸਕੱਤਰ ਬਣੇ ਰਹਿਣ ਦੀ ਉਮੀਦ ਹੈ। ਪੰਜਾਬ ਵਿਧਾਨ ਸਭਾ ਦੀਆਂ ਅਗਲੇ ਸਾਲ ਦੇ ਸ਼ੁਰੂ 'ਚ ਹੋਣ ਵਾਲੀਆਂ ਚੋਣਾਂ ਨੂੰ ਧਿਆਨ 'ਚ ਰਖਦਿਆਂ ਤਰੁਣ ਚੁੱਘ ਵੀ ਆਪਣੇ ਅਹੁਦੇ 'ਤੇ ਬਣੇ ਰਹਿਣਗੇ। ਉਹ ਪਾਰਟੀ ਦੀ ਰੀੜ੍ਹ ਦੀ ਹੱਡੀ ਮੰਨੇ ਜਾਂਦੇ ਹਨ। ਰਾਮ ਮਾਧਵ ਦੇ ਨਾਂ 'ਤੇ ਵੀ ਪਹਿਲਾਂ ਚਰਚਾ ਹੋ ਰਹੀ ਸੀ ਪਰ ਉਨ੍ਹਾਂ ਦੀ ਅਗਲੀ ਭੂਮਿਕਾ ਬਾਰੇ ਕੋਈ ਪੱਕਾ ਨਹੀਂ ਹੈ। ਸੰਕੇਤ ਹਨ ਕਿ ਪਾਰਟੀ ਦੇ ਜਨਰਲ ਸਕੱਤਰਾਂ ਜਿਵੇਂ ਕਿ ਰਾਧਾ ਮੋਹਨ ਦਾਸ ਅਗਰਵਾਲ, ਦੁਸ਼ਯੰਤ ਗੌਤਮ ਤੇ ਅਰੁਣ ਸਿੰਘ ਨੂੰ ਹੋਰ ਜ਼ਿੰਮੇਵਾਰੀਆਂ ਦਿੱਤੀਆਂ ਜਾ ਸਕਦੀਆਂ ਹਨ।

ਪਰ ਇਹ ਸਭ ਕੁਝ ਅਜੇ ਅੱਧਵਾਟੇ ਹੀ ਲਟਕਿਆ ਹੋਇਆ ਹੈ। ਉਡੀਕ ਜਾਰੀ ਹੈ। ਇਸ ਦੇਰੀ ਦਾ ਇਕ ਕਾਰਨ ਇਹ ਹੈ ਕਿ ਕੁਝ ਸੂਬਿਆਂ ਨਾਲ ਸਲਾਹ-ਮਸ਼ਵਰਾ ਅਜੇ ਵੀ ਜਾਰੀ ਹੈ। ਭਾਜਪਾ ਦੇ ਇਕ ਅੰਦਰੂਨੀ ਸੂਤਰ ਨੇ ਕਿਹਾ ਕਿ ਇਸ ਦੇਰੀ ਦਾ ਇਕ ਕਾਰਨ 'ਅਸ਼ੁੱਭ ਸਮਾਂ' ਵੀ ਹੈ ਜੋ 15 ਜੂਨ ਤੱਕ ਚੱਲੇਗਾ।

ਵਧਦੀ ਫੀਸ ਤੇ ਕਮਜ਼ੋਰ ਰੁਪਏ ਨੇ ਬਦਲੀਆਂ ਵਿਦਿਆਰਥੀਆਂ ਦੀਆਂ ਤਰਜੀਹਾਂ, ਵਿਦੇਸ਼ੀ ਯੂਨੀਵਰਸਿਟੀਆਂ ਤੋਂ ਘਟਿਆ ਮੋਹ

ਨਵੀਂ ਦਿੱਲੀ, 25 ਮਈ (ਇੰਟ.)-ਰੁਪਏ ਵਿਚ ਲਗਾਤਾਰ ਆ ਰਹੀ ਗਿਰਾਵਟ ਨੇ ਵਿਦੇਸ਼ ਵਿਚ ਪੜ੍ਹਾਈ ਦਾ ਸੁਪਨਾ ਦੇਖਣ ਵਾਲੇ ਭਾਰਤੀ ਵਿਦਿਆਰਥੀਆਂ ਅਤੇ ਉਨ੍ਹਾਂ ਦੇ ਪਰਿਵਾਰਾਂ ਦੀ ਚਿੰਤਾ ਵਧਾ ਦਿੱਤੀ ਹੈ। ਵਧ ਰਹੀ ਫੀਸ, ਰਹਿਣ ਦੇ ਵਧਦੇ ਖਰਚੇ ਅਤੇ ਵੀਜ਼ਾ ਫੀਸ ਵਿਚ ਵਾਧੇ ਕਾਰਨ ਹੁਣ ਵਿਦਿਆਰਥੀ ਰਵਾਇਤੀ ਦੇਸ਼ਾਂ ਦੀ ਬਜਾਏ ਘੱਟ ਖਰਚੇ ਵਾਲੇ ਆਪਸ਼ਨਜ਼ ਵੱਲ ਰੁਖ਼ ਕਰ ਰਹੇ ਹਨ। ਕਈ ਵਿਦਿਆਰਥੀ ਆਪਣੇ ਦਾਖਲੇ ਟਾਲ ਰਹੇ ਹਨ, ਜਦੋਂਕਿ ਕੁਝ ਨੇ ਵਿਦੇਸ਼ ਵਿਚ ਪੜ੍ਹਨ ਦੀ ਯੋਜਨਾ ਹੀ ਬਦਲ ਦਿੱਤੀ ਹੈ।

ਵਿਦਿਆਰਥੀਆਂ ਸਾਹਮਣੇ ਸੰਕਟ

ਫਰਾਂਸ ਦੇ ਇਕ ਬਿਜ਼ਨੈੱਸ ਸਕੂਲ ਵਿਚ ਦਾਖਲਾ ਲੈਣ ਵਾਲੀ ਇਕ ਵਿਦਿਆਰਥਣ ਨੇ ਦੱਸਿਆ ਕਿ ਉਨ੍ਹਾਂ ਦੇ ਪਰਿਵਾਰ ਨੇ ਪਹਿਲਾਂ ਹੀ ਯੂਰੋ ਵਿਚ ਰਕਮ ਬਦਲਵਾ ਲਈ ਸੀ ਤਾਂ ਜੋ ਯੂਨੀਵਰਸਿਟੀ ਦੀ 875 ਯੂਰੋ ਦੀ ਜਮ੍ਹਾ ਰਾਸ਼ੀ ਸਮੇਂ ਸਿਰ ਜਮ੍ਹਾ ਕਰਵਾਈ ਜਾ ਸਕੇ। ਇਸ ਦੇ ਬਾਵਜੂਦ ਹੁਣ ਉਨ੍ਹਾਂ ਨੂੰ ਰਹਿਣ ਅਤੇ ਅੱਗੇ ਦੀ ਫੀਸ ਦੇ ਵਧੇ ਹੋਏ ਖਰਚੇ ਦੀ ਚਿੰਤਾ ਸਤਾਉਣ ਲੱਗੀ ਹੈ। ਰਾਹਤ ਹਾਸਲ ਕਰਨ ਲਈ ਉਹ ਜੂਨ ਵਿਚ ਹੋਣ ਵਾਲੀ ਸਕਾਲਰਸ਼ਿਪ ਪ੍ਰੀਖਿਆ ਦੀ ਤਿਆਰੀ ਕਰ ਰਹੀ ਹੈ।

10 ਤੋਂ 25 ਫੀਸਦੀ ਤੱਕ ਵਧਿਆ ਖਰਚਾ

ਕਰੀਅਰ ਕੌਂਸਲਰਾਂ ਅਤੇ ਸਟੱਡੀ ਐਬਰੋਡ ਮਾਹਿਰਾਂ ਦਾ ਕਹਿਣਾ ਹੈ ਕਿ ਪਿਛਲੇ 2-3 ਸਾਲਾਂ ਵਿਚ ਵਿਦੇਸ਼ੀ ਸਿੱਖਿਆ ਦਾ ਕੁੱਲ ਖਰਚਾ 15 ਤੋਂ 25 ਫੀਸਦੀ ਤੱਕ ਵਧ ਗਿਆ ਹੈ। ਇਸ ਦੇ ਪਿੱਛੇ ਰੁਪਏ ਦੀ ਕਮਜ਼ੋਰੀ, ਮਹਿੰਗੀ ਰਿਹਾਇਸ਼, ਵਧਦੀ ਜੀਵਨ ਪੱਧਰ ਦੀ ਲਾਗਤ ਅਤੇ ਵੀਜ਼ਾ ਫੀਸ ਮੁੱਖ ਕਾਰਨ ਹਨ। ਖਾਸ ਤੌਰ 'ਤੇ ਅਮਰੀਕਾ, ਬ੍ਰਿਟੇਨ, ਕੈਨੇਡਾ ਤੇ ਆਸਟ੍ਰੇਲੀਆ ਵਰਗੇ ਦੇਸ਼ਾਂ ਵਿਚ ਪੜ੍ਹਾਈ ਹੁਣ ਪਹਿਲਾਂ ਨਾਲੋਂ ਕਿਤੇ ਜ਼ਿਆਦਾ ਮਹਿੰਗੀ ਹੋ ਗਈ ਹੈ।

ਮਾਹਿਰਾਂ ਅਨੁਸਾਰ ਮਈ 2025 ਤੋਂ ਮਈ 2026 ਦਰਮਿਆਨ ਡਾਲਰ ਦੇ ਮੁਕਾਬਲੇ ਰੁਪਇਆ ਮਿਡ-80 ਦੇ ਪੱਧਰ ਤੋਂ ਡਿੱਗ ਕੇ ਮਿਡ-90 ਤੱਕ ਪਹੁੰਚ ਗਿਆ। ਇਸੇ ਤਰ੍ਹਾਂ ਪੌਂਡ ਤੇ ਯੂਰੋ ਦੇ ਮੁਕਾਬਲੇ ਵੀ ਰੁਪਏ ਵਿਚ ਕਮਜ਼ੋਰੀ ਦਰਜ ਕੀਤੀ ਗਈ ਹੈ। ਰਿਜ਼ਰਵ ਬੈਂਕ ਦੇ ਅੰਕੜਿਆਂ ਮੁਤਾਬਕ ਵਿਦੇਸ਼ੀ ਸਿੱਖਿਆ ਲਈ ਭੇਜੀ ਜਾਣ ਵਾਲੀ ਰਕਮ ਵਿਚ ਵੀ ਗਿਰਾਵਟ ਆਈ ਹੈ, ਜੋ ਵਿਦਿਆਰਥੀਆਂ ਅਤੇ ਪਰਿਵਾਰਾਂ ਦੀ ਚੌਕਸੀ ਨੂੰ ਦਰਸਾਉਂਦੀ ਹੈ।

ਯੂਰਪ ਬਣਿਆ ਨਵਾਂ ਪਸੰਦੀਦਾ ਆਪਸ਼ਨ

ਮਹਿੰਗੇ ਰਵਾਇਤੀ ਦੇਸ਼ਾਂ ਤੋਂ ਦੂਰੀ ਬਣਾਉਂਦੇ ਹੋਏ ਹੁਣ ਵਿਦਿਆਰਥੀ ਜਰਮਨੀ, ਆਇਰਲੈਂਡ, ਫਰਾਂਸ, ਨੀਦਰਲੈਂਡ, ਦੁਬਈ ਤੇ ਨਿਊਜ਼ੀਲੈਂਡ ਵਰਗੇ ਮੁਕਾਬਲਤਨ ਸਸਤੇ ਆਪਸ਼ਨਜ਼ ਵੱਲ ਆਕਰਸ਼ਿਤ ਹੋ ਰਹੇ ਹਨ। ਏ. ਆਈ. ਆਧਾਰਤ ਸਟੱਡੀ ਪਲੇਟਫਾਰਮਾਂ ਦੇ ਅੰਕੜਿਆਂ ਅਨੁਸਾਰ ਜਰਮਨੀ ਪ੍ਰਤੀ ਵਿਦਿਆਰਥੀਆਂ ਦੀ ਦਿਲਚਸਪੀ ਵਿਚ 73 ਫੀਸਦੀ ਦਾ ਵਾਧਾ ਹੋਇਆ ਹੈ, ਜਦੋਂਕਿ ਕੈਨੇਡਾ, ਬ੍ਰਿਟੇਨ ਤੇ ਅਮਰੀਕਾ ਪ੍ਰਤੀ ਰੁਝਾਨ ਵਿਚ ਕਮੀ ਆਈ ਹੈ।

ਮਾਹਿਰਾਂ ਦਾ ਕਹਿਣਾ ਹੈ ਕਿ ਜਰਮਨੀ ਵਿਚ ਪੜ੍ਹਾਈ ਕਰਨ 'ਤੇ ਭਾਰਤੀ ਵਿਦਿਆਰਥੀਆਂ ਨੂੰ ਅਮਰੀਕਾ ਦੀ ਤੁਲਨਾ ਵਿਚ 52 ਤੋਂ 92 ਲੱਖ ਰੁਪਏ ਤੱਕ ਦੀ ਬਚਤ ਹੋ ਸਕਦੀ ਹੈ। ਇਹੀ ਵਜ੍ਹਾ ਹੈ ਕਿ ਹੁਣ ਅਮਰੀਕਾ ਕਈ ਵਿਦਿਆਰਥੀਆਂ ਲਈ ਪਹਿਲੀ ਪਸੰਦ ਨਹੀਂ ਸਗੋਂ 'ਦੂਜਾ ਆਪਸ਼ਨ' ਬਣਦਾ ਜਾ ਰਿਹਾ ਹੈ।

ਸਕਾਲਰਸ਼ਿਪ ਤੇ ਐਜੂਕੇਸ਼ਨ ਲੋਨ 'ਤੇ ਵਧੀ ਨਿਰਭਰਤਾ

ਦਿੱਲੀ ਦੀ ਇਕ ਵਿਦਿਆਰਥਣ ਜੋ ਮਾਰਕੀਟਿੰਗ ਵਿਚ ਮਾਸਟਰਜ਼ ਲਈ ਅਪਲਾਈ ਕਰ ਰਹੀ ਹੈ, ਨੇ ਦੱਸਿਆ ਕਿ ਉਸ ਨੇ ਕੈਨੇਡਾ ਛੱਡ ਕੇ ਜਰਮਨੀ ਤੇ ਨੀਦਰਲੈਂਡ ਵਰਗੇ ਆਪਸ਼ਨਜ਼ ਵੱਲ ਧਿਆਨ ਦੇਣਾ ਸ਼ੁਰੂ ਕਰ ਦਿੱਤਾ ਹੈ। ਉਸ ਦਾ ਕਹਿਣਾ ਹੈ ਕਿ ਰੁਪਏ ਦੀ ਗਿਰਾਵਟ ਕਾਰਨ ਹਰ ਮਹੀਨੇ ਬਜਟ ਬਦਲ ਰਿਹਾ ਹੈ ਅਤੇ ਹੁਣ ਸਕਾਲਰਸ਼ਿਪ ਇਕ ਲੋੜ ਬਣ ਚੁੱਕੀ ਹੈ। ਪਰਿਵਾਰ ਵੀ ਹੁਣ ਪਹਿਲਾਂ ਨਾਲੋਂ ਕਾਫੀ ਜਲਦੀ ਐਜੂਕੇਸ਼ਨ ਲੋਨ ਤੇ ਵਿੱਤੀ ਯੋਜਨਾਬੰਦੀ ਸ਼ੁਰੂ ਕਰ ਰਹੇ ਹਨ ਤਾਂ ਜੋ ਅਚਾਨਕ ਵਧਣ ਵਾਲੇ ਖਰਚਿਆਂ ਦਾ ਸਾਹਮਣਾ ਕੀਤਾ ਜਾ ਸਕੇ।

ਏ. ਆਈ. ਤੇ ਟੈੱਕ ਕੋਰਸਾਂ ਦੀ ਵਧੀ ਮੰਗ

ਵਿਦੇਸ਼ੀ ਪੜ੍ਹਾਈ ਲਈ ਕੋਰਸ ਦੀ ਚੋਣ ਵਿਚ ਵੀ ਵੱਡੀ ਤਬਦੀਲੀ ਦੇਖਣ ਨੂੰ ਮਿਲ ਰਹੀ ਹੈ। ਫਾਇਨਾਂਸ, ਬਿਜ਼ਨੈੱਸ ਐਡਮਿਨਿਸਟ੍ਰੇਸ਼ਨ, ਸਪਲਾਈ ਚੇਨ ਅਤੇ ਇੰਜੀਨੀਅਰਿੰਗ ਮੈਨੇਜਮੈਂਟ ਵਰਗੇ ਕੋਰਸਾਂ ਵਿਚ ਵਿਦਿਆਰਥੀਆਂ ਦੀ ਦਿਲਚਸਪੀ ਤੇਜ਼ੀ ਨਾਲ ਘਟੀ ਹੈ।

ਮਾਹਿਰਾਂ ਅਨੁਸਾਰ ਇਹ ਅਜਿਹੇ ਕੋਰਸ ਹਨ, ਜਿਨ੍ਹਾਂ ਦੀ ਲਾਗਤ ਜ਼ਿਆਦਾ ਹੈ ਅਤੇ ਨਿਵੇਸ਼ 'ਤੇ ਰਿਟਰਨ ਨੂੰ ਲੈ ਕੇ ਹੁਣ ਵਿਦਿਆਰਥੀ ਜ਼ਿਆਦਾ ਚੌਕਸ ਹੋ ਗਏ ਹਨ। ਇਸ ਤੋਂ ਉਲਟ ਡਾਟਾ ਸਾਇੰਸ, ਆਰਟੀਫੀਸ਼ੀਅਲ ਇੰਟੈਲੀਜੈਂਸ, ਸਾਈਬਰ ਸਕਿਓਰਿਟੀ, ਸੈਮੀਕੰਡਕਟਰ ਅਤੇ ਹੋਰ ਤਕਨੀਕ ਆਧਾਰਤ ਕੋਰਸਾਂ ਦੀ ਮੰਗ ਤੇਜ਼ੀ ਨਾਲ ਵਧ ਰਹੀ ਹੈ। ਵਿਦਿਆਰਥੀਆਂ ਦਾ ਮੰਨਣਾ ਹੈ ਕਿ ਇਨ੍ਹਾਂ ਖੇਤਰਾਂ ਵਿਚ ਨੌਕਰੀ ਤੇ ਤਨਖਾਹ ਦੀਆਂ ਸੰਭਾਵਨਾਵਾਂ ਬਿਹਤਰ ਹਨ, ਜਿਸ ਨਾਲ ਵਿਦੇਸ਼ੀ ਸਿੱਖਿਆ 'ਤੇ ਹੋਣ ਵਾਲਾ ਭਾਰੀ ਖਰਚਾ ਭਵਿੱਖ ਵਿਚ ਵਸੂਲ ਕੀਤਾ ਜਾ ਸਕਦਾ ਹੈ।

ਪੜ੍ਹਾਂਗੇ ਤਾਂ ਜਾਣਾਂਗੇ

ਏ. ਆਈ. ਹੈਲੂਸੀਨੇਸ਼ਨ ਉਹ ਸਥਿਤੀ ਹੈ ਜਦੋਂ ਏ. ਆਈ. ਚੈਟਬੋਟ ਗਲਤ, ਮਨਘੜਤ ਤੇ ਭੁਲੇਖਾਪਾਊ ਜਾਣਕਾਰੀ ਪੈਦਾ ਕਰਦੇ ਹਨ। ਏ. ਆਈ. ਇਸ ਝੂਠੀ ਜਾਣਕਾਰੀ ਨੂੰ ਇੰਨੇ ਆਤਮਵਿਸ਼ਵਾਸ ਤੇ ਸੱਚਾਈ ਨਾਲ ਪੇਸ਼ ਕਰਦਾ ਹੈ ਕਿ ਯੂਜ਼ਰਜ਼ ਇਸ ਨੂੰ ਸਹੀ ਮੰਨ ਲੈਂਦਾ ਹੈ।

ਚਰਚਾ ਵਿਚ ਕਿਉਂ : ਇਹ ਸ਼ਬਦ ਇਸ ਵੇਲੇ ਪੂਰੀ ਦੁਨੀਆ ਵਿਚ ਅਤੇ ਖਾਸ ਤੌਰ 'ਤੇ ਤਕਨੀਕੀ ਜਗਤ ਵਿਚ ਸਭ ਤੋਂ ਵੱਧ ਚਰਚਾ ਦਾ ਵਿਸ਼ਾ ਬਣਿਆ ਹੋਇਆ ਹੈ। ਇਸ ਦਾ ਕਾਰਨ ਇਹ ਹੈ ਕਿ ਜਨਰੇਟਿਵ ਏ. ਆਈ. ਜਿਵੇਂ ਚੈਟ ਜੀ. ਪੀ. ਟੀ., ਗੂਗਲ ਜੈਮਿਨੀ ਦੀ ਵਰਤੋਂ ਜਿੰਨੀ ਵਧੀ ਹੈ, ਓਨੀ ਹੀ ਤੇਜ਼ੀ ਨਾਲ ਇਸ ਨਾਲ ਜੁੜੀ ਸੁਰੱਖਿਆ ਤੇ ਭਰੋਸੇਯੋਗਤਾ ਦੀ ਚਿੰਤਾ ਵੀ ਉਭਰੀ ਹੈ।

ਜ਼ਿਆਦਾ ਭਰੋਸਾ, ਮੁਸੀਬਤ ਨੂੰ ਦਾਅਵਤ

ਹੁਣੇ ਜਿਹੇ ਤਕਨੀਕੀ ਸੁਰੱਖਿਆ ਰਿਪੋਰਟ ਵਿਚ ਵੇਖਿਆ ਗਿਆ ਹੈ ਕਿ ਮੁਸ਼ਕਲ ਸਵਾਲਾਂ 'ਤੇ 90 ਫੀਸਦੀ ਤੋਂ ਵੱਧ ਏ. ਆਈ. ਮਾਡਲ ਸਹੀ ਜਵਾਬ ਦੇਣ ਦੀ ਜਗ੍ਹਾ ਪੂਰੇ ਆਤਮਵਿਸ਼ਵਾਸ ਨਾਲ ਗਲਤ ਜਵਾਬ ਦਿੰਦੇ ਹਨ। ਦੁਨੀਆ ਵਿਚ ਕੁਝ ਮਾਮਲੇ ਅਜਿਹੇ ਵੀ ਆਏ ਹਨ ਜਦੋਂ ਵਕੀਲਾਂ ਨੇ ਕੇਸ ਤਿਆਰ ਕਰਨ ਲਈ ਏ. ਆਈ. ਦੀ ਵਰਤੋਂ ਕੀਤੀ, ਜਿੱਥੇ ਏ. ਆਈ. ਨੇ ਆਪਣੇ ਵੱਲੋਂ ਪੁਰਾਣੇ ਮੁਕੱਦਮਿਆਂ ਦੀਆਂ ਕਾਲਪਨਿਕ ਉਦਾਹਰਣਾਂ ਅਤੇ ਫਰਜ਼ੀ ਕਾਨੂੰਨ ਬਣਾ ਕੇ ਪੇਸ਼ ਕਰ ਦਿੱਤੇ, ਜਿਸ ਨਾਲ ਵਕੀਲਾਂ ਨੂੰ ਖੁਦ ਅਦਾਲਤੀ ਕਾਰਵਾਈ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਇਹ ਵੀ ਪਤਾ ਲੱਗਾ ਹੈ ਕਿ ਏ. ਆਈ. ਨੇ ਯੂਜ਼ਰਜ਼ ਨੂੰ ਗੂੰਦ ਲਾ ਕੇ ਪੀਜ਼ਾ ਖਾਣ ਅਤੇ ਰੋਜ਼ਾਨਾ ਇਕ ਛੋਟਾ ਪੱਥਰ ਖਾਣ ਤਕ ਦੀ ਖਤਰਨਾਕ ਸਲਾਹ ਵੀ ਦੇ ਦਿੱਤੀ।

ਕਿਉਂ ਹੁੰਦਾ ਹੈ ਏ. ਆਈ. ਹੈਲੂਸੀਨੇਸ਼ਨ

ਏ. ਆਈ. ਸਿਰਫ ਪੈਟਰਨ ਤੇ ਸੰਭਾਵਨਾਵਾਂ ਦੇ ਆਧਾਰ 'ਤੇ ਸ਼ਬਦਾਂ ਦਾ ਅੰਦਾਜ਼ਾ ਲਾਉਂਦਾ ਹੈ। ਜੇ ਏ. ਆਈ. ਕੋਲ ਕਿਸੇ ਵਿਸ਼ੇ 'ਤੇ ਲੋੜੀਂਦਾ ਡਾਟਾ ਨਹੀਂ ਹੈ ਤਾਂ ਉਹ ਖਾਲੀ ਥਾਂ ਭਰਨ ਲਈ ਆਪਣੇ ਵੱਲੋਂ ਮਨਘੜਤ ਗੱਲਾਂ ਬਣਾ ਲੈਂਦਾ ਹੈ। ਅਸਲ 'ਚ ਏ. ਆਈ. ਮਾਡਲ ਅਰਥ ਨਹੀਂ ਸਮਝਦੇ, ਉਹ ਸਿਰਫ ਅੰਦਾਜ਼ਾ ਲਾਉਂਦੇ ਹਨ ਕਿ ਇਕ ਸ਼ਬਦ ਤੋਂ ਬਾਅਦ ਕਿਹੜਾ ਸ਼ਬਦ ਆਉਣਾ ਚਾਹੀਦਾ ਹੈ। ਟਰੇਨਿੰਗ ਡਾਟਾ ਤੋਂ ਬਾਹਰ ਦਾ ਸਵਾਲ ਆਉਣ 'ਤੇ ਉਹ ਭੁਲੇਖੇ ਵਿਚ ਪੈ ਜਾਂਦੇ ਹਨ।

ਫਿਲੀਪੀਨਜ਼ 'ਚ ਉਸਾਰੀ ਅਧੀਨ ਹੋਟਲ ਡਿੱਗਣ ਕਾਰਨ ਹੁਣ ਤੱਕ 4 ਦੀ ਮੌਤ

ਮਨੀਲਾ : ਇਮਾਰਤ ਡਿੱਗਣ ਤੋਂ ਬਾਅਦ ਜਾਰੀ ਬਚਾਅ ਕਾਰਜ।

ਏਂਜਲਸ, 25 ਮਈ (ਏਜੰਸੀ)-ਉੱਤਰੀ ਫਿਲੀਪੀਨਜ਼ ਦੇ ਇਕ ਸ਼ਹਿਰ ਵਿਚ ਬਚਾਅ ਟੀਮ ਨੇ ਸੋਮਵਾਰ ਤੜਕੇ ਉਸਾਰੀ ਅਧੀਨ 9 ਮੰਜ਼ਿਲਾ ਹੋਟਲ ਦੇ ਮਲਬੇ ਦੇ ਵੱਡੇ ਢੇਰ ਵਿਚੋਂ 3 ਮਜ਼ਦੂਰਾਂ ਦੀਆਂ ਲਾਸ਼ਾਂ ਬਾਹਰ ਕੱਢੀਆਂ, ਜਿਸ ਨਾਲ ਮ੍ਰਿਤਕਾਂ ਦੀ ਗਿਣਤੀ 4 ਹੋ ਗਈ ਹੈ ਅਤੇ 17 ਹੋਰ ਅਜੇ ਵੀ ਲਾਪਤਾ ਹਨ।

ਅਧਿਕਾਰੀਆਂ ਨੇ ਦੱਸਿਆ ਕਿ 2 ਲੋਕਾਂ ਦੀ ਮੌਤ ਪਹਿਲਾਂ ਹੀ ਹੋ ਚੁੱਕੀ ਸੀ, ਜਦੋਂਕਿ ਐਮਰਜੈਂਸੀ ਕਰਮਚਾਰੀ ਤੜਕੇ ਪੈਮਪਾਂਗਾ ਸੂਬੇ ਦੇ ਏਂਜਲਸ ਸ਼ਹਿਰ ਵਿਚ ਕੰਕ੍ਰੀਟ ਦੀਆਂ ਸਲੈਬਾਂ, ਮੁੜੇ ਹੋਏ ਲੋਹੇ ਦੇ ਸਰੀਏ ਅਤੇ ਐਲੂਮੀਨੀਅਮ ਦੀਆਂ ਮਚਾਨਾਂ ਦੇ ਢੇਰ ਕੋਲ ਐਂਬੂਲੈਂਸ ਵਿਚ ਇਕ ਵਿਅਕਤੀ ਨੂੰ ਹੋਸ਼ ਵਿਚ ਲਿਆਉਣ ਦੀ ਕੋਸ਼ਿਸ਼ ਕਰ ਰਹੇ ਸਨ।

ਪਾਕਿ 'ਚ ਮਿੰਨੀ ਬੱਸ ਹਾਈਵੇ 'ਤੇ ਖੜ੍ਹੀ ਬੱਸ ਨਾਲ ਟਕਰਾਈ, 17 ਲੋਕਾਂ ਦੀ ਮੌਤ

ਗੁਰਦਾਸਪੁਰ, ਪਿਸ਼ਾਵਰ, 25 ਮਈ (ਵਿਨੋਦ)-ਸੋਮਵਾਰ ਸਵੇਰੇ ਉੱਤਰ-ਪੱਛਮੀ ਪਾਕਿਸਤਾਨ ਵਿਚ ਹਾਈਵੇ 'ਤੇ ਤੇਜ਼ ਰਫ਼ਤਾਰ ਮਿੰਨੀ ਬੱਸ ਇਕ ਖੜ੍ਹੀ ਬੱਸ ਨਾਲ ਟਕਰਾ ਗਈ, ਜਿਸ ਨਾਲ 17 ਲੋਕਾਂ ਦੀ ਮੌਤ ਹੋ ਗਈ ਅਤੇ 5 ਹੋਰ ਜ਼ਖਮੀ ਹੋ ਗਏ। ਸਰਹੱਦ ਪਾਰ ਦੇ ਸੂਤਰਾਂ ਅਨੁਸਾਰ ਇਹ ਹਾਦਸਾ ਖੈਬਰ ਪਖਤੂਨਖਵਾ ਸੂਬੇ ਦੇ ਮਰਦਾਨ ਨੇੜੇ ਵਾਪਰਿਆ।

ਮੁੱਢਲੀ ਜਾਂਚ ਤੋਂ ਪਤਾ ਲੱਗਦਾ ਹੈ ਕਿ ਹਾਦਸਾ ਡਰਾਈਵਰ ਦੀ ਲਾਪ੍ਰਵਾਹੀ ਕਾਰਨ ਹੋਇਆ ਹੈ।

ਦਿਲਜੀਤ ਦੇ ਕੰਸਰਟ ਦੌਰਾਨ ਨਿਊਯਾਰਕ ਦੇ ਮੈਡੀਸਨ ਸਕੁਏਅਰ 'ਤੇ ਖਾਲਿਸਤਾਨੀਆਂ ਵੱਲੋਂ ਵਿਖਾਵਾ

ਨਿਊਯਾਰਕ, 25 ਮਈ (ਵਿਸ਼ੇਸ਼)-ਪੰਜਾਬੀ ਗਾਇਕ ਤੇ ਅਦਾਕਾਰ ਦਿਲਜੀਤ ਦੋਸਾਂਝ ਇਨ੍ਹੀਂ ਦਿਨੀਂ 'ਔਰਾ ਵਰਲਡ ਟੂਰ' ਤਹਿਤ ਅਮਰੀਕਾ ਵਿਚ ਹਨ। ਉੱਥੇ ਖਾਲਿਸਤਾਨ ਸਮਰਥਕ ਉਨ੍ਹਾਂ ਦੇ ਸ਼ੋਅ ਨੂੰ ਰੋਕਣ ਦੀਆਂ ਧਮਕੀਆਂ ਦਿੰਦੇ ਹੋਏ ਵਿਖਾਵਾ ਕਰ ਰਹੇ ਹਨ।

ਐਤਵਾਰ ਨੂੰ ਉਨ੍ਹਾਂ ਦਾ ਸ਼ੋਅ ਨਿਊਯਾਰਕ ਦੇ ਮਸ਼ਹੂਰ ਮੈਡੀਸਨ ਸਕੁਏਅਰ ਗਾਰਡਨ ਵਿਚ ਹੋਇਆ। ਦਿਨ ਵੇਲੇ ਉੱਥੇ ਖਾਲਿਸਤਾਨ ਸਮਰਥਕਾਂ ਨੇ ਝੰਡੇ ਲੈ ਕੇ ਵਿਖਾਵਾ ਕੀਤਾ। ਇਸ ਤੋਂ ਪਹਿਲਾਂ 11 ਮਈ ਨੂੰ ਕੈਲੀਫੋਰਨੀਆ ਦੇ ਆਕਲੈਂਡ ਐਰੀਨਾ ਵਿਚ ਹੋਏ ਸ਼ੋਅ ਦੌਰਾਨ ਵੀ